ਅਦਾਲਤੀ ਦੁਭਾਸ਼ਿਏ ਨਾਲ ਕਿਵੇਂ ਕੰਮ ਕਰਨਾ ਹੈ

ਜੇ ਤੁਹਾਨੂੰ ਅਦਾਲਤ ਜਾਣਾ ਪਵੇ ਅਤੇ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਬੋਲ ਜਾਂ ਸਮਝ ਨਹੀਂ ਸਕਦੇ ਹੋ, ਤਾਂ ਇੱਕ ਯੋਗ ਅਦਾਲਤੀ ਦੁਭਾਸ਼ਿਆ ਤੁਹਾਡੀ ਉਸ ਭਾਸ਼ਾ ਵਿੱਚ ਅਦਾਲਤ ਨਾਲ ਗੱਲਬਾਤ ਕਰਨ ਵਿੱਚ ਮਦਦ ਕਰ ਸਕਦਾ ਹੈ ਜੋ ਤੁਸੀਂ ਚੰਗੀ ਤਰ੍ਹਾਂ ਸਮਝਦੇ ਹੋ। ਅਦਾਲਤੀ ਦੁਭਾਸ਼ਿਏ ਨਾਲ ਕੰਮ ਕਰਨ ਲਈ ਹੇਠਾਂ ਕੁਝ ਸੁਝਾਓ ਦਿੱਤੇ ਗਏ ਹਨ:

1 ਹੌਲੀ ਬੋਲੋ

ਸਾਧਾਰਨ ਰਫ਼ਤਾਰ ਨਾਲ ਜਾਂ ਆਮ ਨਾਲੋਂ ਥੋੜੀ ਹੌਲੀ ਰਫ਼ਤਾਰ ਵਿੱਚ ਗੱਲ ਕਰੋ ਤਾਂ ਕਿ ਦੁਭਾਸ਼ੀਆ ਤੁਹਾਡੀ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕੇ। ਜੇ ਦੁਭਾਸ਼ੀਆ ਤੁਹਾਨੂੰ ਤੁਹਾਡੇ ਬੋਲਣ ਦੀ ਰਫ਼ਤਾਰ ਘਟਾਉਣ ਦਾ ਸੰਕੇਤ ਕਰੇ, ਤਾਂ ਥੋੜ੍ਹਾ ਜਿਹਾ ਰੁੱਕੋ ਜਾਂ ਰਫ਼ਤਾਰ ਘਟਾ ਲਓ। ਬੋਲਣਾ ਬੰਦ ਨਾ ਕਰੋ।

2 ਸਿਰਫ਼ ਆਪਣੀ ਭਾਸ਼ਾ ਵਿੱਚ ਬੋਲੋ

ਭਾਵੇਂ ਤੁਹਾਨੂੰ ਕੁਝ ਅੰਗਰੇਜ਼ੀ ਆਉਂਦੀ ਹੋਵੇ, ਤਾਂ ਵੀ ਉਲਝਣ ਤੋਂ ਬਚਣ ਲਈ ਆਪਣੀ ਭਾਸ਼ਾ ਵਿੱਚ ਬੋਲੋ।

3 ਸਿਰਫ਼ ਦੁਭਾਸ਼ੀਏ ਦੀ ਗੱਲ ਸੁਣੋ

ਉਸੇ ਵੇਲੇ ਅੰਗਰੇਜ਼ੀ ਸੁਣਨ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਮਹੱਤਵਪੂਰਨ ਜਾਣਕਾਰੀ ਨੂੰ ਖੁੰਝਾ ਸਕਦੇ ਹੋ।

4 ਸਾਫ਼-ਸਾਫ਼ ਅਤੇ ਸਿੱਧੇ ਬੋਲੋ

ਸਿੱਧੇ ਉਸ ਵਿਅਕਤੀ ਨਾਲ ਗੱਲ ਕਰੋ, ਜੋ ਤੁਹਾਡੇ ਨਾਲ ਗੱਲ ਕਰ ਰਿਹਾ ਹੈ, ਜਿਵੇਂ ਕਿ ਜੱਜ ਜਾਂ ਵਕੀਲ। ਅਤੇ ਯਕੀਨੀ ਬਣਾਓ ਕਿ ਤੁਸੀਂ ਇੰਨਾ ਉੱਚਾ ਬੋਲ ਰਹੇ ਹੋ ਕਿ ਜੱਜ ਅਤੇ ਦੁਭਾਸ਼ੀਆ ਤੁਹਾਡੀ ਗੱਲ ਸੁਣ ਸਕਦੇ ਹਨ।

5 ਜੇ ਤੁਸੀਂ ਸੁਣ ਜਾਂ ਸਮਝ ਨਹੀਂ ਸਕਦੇ ਹੋ ਤਾਂ ਜੱਜ ਨੂੰ ਦੱਸੋ

ਜੇ ਤੁਸੀਂ ਸੁਣ ਜਾਂ ਸਮਝ ਨਹੀਂ ਸਕਦੇ ਹੋ ਤਾਂ ਫੌਰਨ ਜੱਜ ਨੂੰ ਦੱਸੋ। ਜਦੋਂ ਤੱਕ ਕਿ ਤੁਸੀਂ ਕੁਝ ਬੋਲੋਗੇ ਨਹੀਂ, ਕੋਈ ਇਸ ਗੱਲ ਨੂੰ ਨਹੀਂ ਸਮਝੇਗਾ ਕਿ ਤੁਹਾਨੂੰ ਸਮਝ ਨਹੀਂ ਆ ਰਿਹਾ।

ਹੋਰ ਸੁਝਾਵਾਂ ਅਤੇ ਅਦਾਲਤੀ ਦੁਭਾਸ਼ਏ ਨਾਲ ਕੰਮ ਕਰਨ ਬਾਰੇ ਜਾਣਕਾਰੀ ਲਈ https://www.courts.ca.gov/selfhelp-interpreter.htm 'ਤੇ ਜਾਓ।

ਜੁਡੀਸ਼ੀਅਲ ਕੌਂਸਲ ਔਫ ਕੈਲੀਫੋਰਨੀਆ